# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 13:10

**ਮਿਤੀ :05-03-2026**

ਦਸ ਸੂਬਿਆਂ ਦੀਆਂ 37 ਰਾਜ ਸਭਾ ਸੀਟਾਂ ਲਈ ਨਾਮਜ਼ਦਗੀਆਂ ਦਾਖਲ ਕਰਨ ਦਾ ਅਮਲ ਅੱਜ ਖ਼ਤਮ ਹੋ ਜਾਏਗਾ । ਨਾਮਜ਼ਦਗੀ ਪੱਤਰਾਂ ਦੀ ਜਾਂਚ ਭਲਕੇ ਕੀਤੀ ਜਾਵੇਗੀ। ਉਮੀਦਵਾਰ 9 ਮਾਰਚ ਤੱਕ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਸਕਣਗੇ। ਇਨ੍ਹਾਂ ਸੀਟਾਂ ਲਈ ਵੋਟਾਂ 16 ਮਾਰਚ ਨੂੰ ਪੈਣਗੀਆਂ ਤੇ ਨਤੀਜੇ ਵੀ ਉਸੇ ਦਿਨ ਐਲਾਨੇ ਜਾਣਗੇ ।

---

ਪੱਛਮੀ ਏਸ਼ੀਆ ਤੇ ਖਾੜੀ ਖੇਤਰ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ ਵਿਦੇਸ਼ ਮੰਤਰਾਲੇ ਨੇ ਇੱਕ ਕੰਟਰੋਲ ਰੂਮ ਕਾਇਮ ਕੀਤਾ ਏ। ਇਸ ਕੰਟਰੋਲ ਰੂਮ ਨਾਲ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਏ। ਕੰਟਰੋਲ ਰੂਮ ਦਾ ਟੌਲ ਫ੍ਰੀ ਨੰਬਰ ਏ : **180-0-118-79** ਟੌਲ ਫ੍ਰੀ ਨੰਬਰ ਇੱਕ ਵਾਰ ਫਿਰ ਸੁਣ ਲਓ, **180-0-118-79**

ਇਸ ਤੋਂ ਇਲਾਵਾ ਕੰਟਰੋਲ ਰੂਮ ਦੇ ਨੰਬਰ ਨੇ : **0-11-230-121-13,**

**0-11- 230-141-0-4 ਅਤੇ 0-11-230-179-0-5**

ਟਕਰਾਅ ਵਾਲੇ ਖੇਤਰ ਵਿੱਚ ਭਾਰਤੀ ਦੂਤਘਰਾਂ ਨੇ ਲੋਕਾਂ ਨੂੰ ਸੁਰੱਖਿਅਤ ਕੱਢਣ ਸਬੰਧੀ ਤਾਲਮੇਲ ਵਿੱਚ ਮਦਦ ਲਈ 24 ਘੰਟੇ ਚੱਲਣ ਵਾਲੀਆਂ ਐਮਰਜੈਂਸੀ ਹੈਲਪਲਾਈਨਾਂ ਕਾਇਮ ਕੀਤੀਆਂ ਨੇ।

---------------------------------------------------------------

ਪੰਜਾਬ ਸਰਕਾਰ ਨੇ ਵੀ ਅਮਰੀਕਾ-ਇਜ਼ਰਾਈਲ-ਈਰਾਨ ਵਿਚਾਲੇ ਚੱਲ ਰਹੇ ਟਕਰਾਅ ਕਾਰਨ ਮੱਧ ਏਸ਼ੀਆ ਅਤੇ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਮਦਦ ਲਈ 24 ਘੰਟੇ ਚੱਲਣ ਵਾਲੀ ਹੈਲਪਲਾਈਨ ਸ਼ੁਰੂ ਕੀਤੀ ਏ । ਇਹ ਹੈਲਪਲਾਈਨ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਬਾਰੇ ਮਦਦ ਲਈ ਤਾਲਮੇਲ ਕਰੇਗੀ। ਚੰਡੀਗੜ੍ਹ ਸਥਿਤ ਇਸ ਹੈਲਪਲਾਈਨ ਦੇ ਨੰਬਰ ਨੇ: **0-17-222-60-042 ਅਤੇ 0-17-222-60-0-43**

ਨੰਬਰ ਇੱਕ ਵਾਰ ਫਿਰ ਸੁਣ ਲਓ

**0-17-222-60-042, ਅਤੇ 0-17-222-60-0-43**

ਇਹ ਨੰਬਰ ਵਿਦੇਸ਼ਾਂ ਤੋਂ ਡਾਇਲ ਕੀਤੇ ਜਾ ਸਕਦੇ ਨੇ। ਫੌਰੀ ਮਦਦ ਤੇ ਤਾਲਮੇਲ ਲਈ ਭਾਰਤ ਵਿੱਚੋਂ ਚਾਰ-ਅੰਕਾਂ ਵਾਲਾ ਹੈਲਪਲਾਈਨ ਨੰਬਰ - 1100 - ਡਾਇਲ ਕੀਤਾ ਜਾ ਸਕਦਾ ਏ।

---------------------------------------------------------------

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਜਾਣਕਾਰੀ ਦਿੱਤੀ ਏ ਕਿ ਪੰਜਾਬ ਵਿੱਚ ਮੈਡੀਕਲ ਕਾਲਜਾਂ ਦੀ ਉਸਾਰੀ ਦਾ ਕੰਮ ਸ਼ੁਰੂ ਹੋਣ ਜਾ ਰਿਹਾ ਏ। ਅੱਜ ਚੰਡੀਗੜ੍ਹ ਦੇ ਪੰਜਾਬ ਭਵਨ ਵਿਚ ਪ੍ਰੈੱਸ ਕਾਨਫਰੰਸ ਦੌਰਾਨ ਸਿਹਤ ਮੰਤਰੀ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਹੁਸ਼ਿਆਰਪੁਰ ਦੇ STATE INSTITUTE OF MEDICAL SCIENCES, ਜਿਸ ਵਿਚ 100 ਸੀਟਾਂ ਹੋਣਗੀਆਂ. ਇਸ ਨਾਲ ਮੈਡੀਕਲ ਕਾਲਜ ਤੇ 300 ਬਿਸਤਰਿਆਂ ਵਾਲੇ ਹਸਪਤਾਲ ਦੀ ਉਸਾਰੀ ਕੀਤੀ ਜਾਏਗੀ। ਇਹ ਕਾਰਜ 2 ਸਾਲਾਂ ਵਿੱਚ ਮੁਕੰਮਲ ਹੋਣ ਦੀ ਉਮੀਦ ਏ। ਕਪੂਰਥਲਾ, ਸੰਗਰੂਰ ਤੇ ਸ਼ਹੀਦ ਭਗਤ ਸਿੰਘ ਨਗਰ ਵਿਚ ਵੀ ਇਹੋ-ਜਿਹੇ ਪ੍ਰੋਜੈਕਟ ਅਮਲ ਵਿਚ ਨੇ । ਉਨ੍ਹਾਂ ਕਿਹਾ. Byte Dr.Balbir Singh… ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਉਦੇਸ਼ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਏ ਅਤੇ ਪੁਰਾਣੇ ਮੈਡੀਕਲ

ਕਾਲਜਾਂ ਨੂੰ POST GRADUATE INSTITUTE OF MEDICAL SCIENCES ਦੇ ਪੱਧਰ ਤੱਕ ਲੈ ਕੇ ਜਾਣਾ ਏ।

---------------------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਪੀਲ ਕੀਤੀ ਏ ਕਿ ਜਿੰਨਾ ਹੋ ਸਕੇ, ਮਾਪੇ ਆਪਣੇ ਬੱਚਿਆਂ ਤੋਂ ਮੋਬਾਈਲ ਫੋਨ ਦੂਰ ਰੱਖਣ। ਉਨ੍ਹਾਂ ਕਿਹਾ ਕਿ ਮੋਬਾਈਲ ਫੋਨ ਬੱਚਿਆਂ ਦੀਆਂ ਅੱਖਾਂ ਤੇ ਦਿਮਾਗ 'ਤੇ ਬੁਰਾ ਅਸਰ ਪਾ ਰਹੇ ਨੇ। ਇਸ ਨਾਲ ਨੀਂਦ ਘੱਟ ਆਉਣਾ ਅਤੇ ਪੜ੍ਹਾਈ ਵਿੱਚ ਇਕਾਗਰਤਾ ਘਟਣ ਵਰਗੇ ਮਸਲੇ ਸਾਹਮਣੇ ਆ ਰਹੇ ਨੇ। ਮੋਬਾਈਲ ਫੋਨ ਦੀ ਲੋੜ ਤੋਂ ਵੱਧ ਵਰਤੋਂ ਕਾਰਨ ਘਰਾਂ ਤੋਂ ਬਾਹਰ ਖੇਡੀਆਂ ਜਾਂਦੀਆਂ ਖੇਡਾਂ ਤੋਂ ਦੂਰੀ ਦਾ ਕਾਰਨ ਬਣ ਰਹੀ ਏ, ਇਸ ਕਰ ਕੇ ਬੱਚਿਆਂ ਵਿਚ ਸਿਹਤ ਸਬੰਧੀ ਸਮੱਸਿਆਵਾਂ ਪੈਦਾ ਹੋ ਰਹੀਆਂ ਨੇ। ਸਪੀਕਰ ਸੰਧਵਾਂ ਨੇ ਅਪੀਲ ਕਰਦਿਆਂ ਕਿਹਾ ਕਿ ਇਹ ਹਰ ਮਾਤਾ-ਪਿਤਾ ਦੀ ਜ਼ਿੰਮੇਵਾਰੀ ਏ ਕਿ ਉਹ ਬੱਚਿਆਂ ਦੇ ਸਕ੍ਰੀਨ ਟਾਈਮ ਨੂੰ ਸੀਮਤ ਕਰ ਕੇ ਉਨ੍ਹਾਂ ਨੂੰ ਕਿਤਾਬਾਂ, ਖੇਡਾਂ ਤੇ ਰਚਨਾਤਮਕ ਸਰਗਰਮੀਆਂ ਵੱਲ ਪ੍ਰੇਰਦੇ ਰਹਿਣ।

---------------------------------------------------------------------

ਪੀ.ਆਰ.ਟੀ.ਸੀ. ਦੇ ਚੇਅਰਮੈਨ ਐਡਵੋਕੇਟ ਹਰਪਾਲ ਜੁਨੇਜਾ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਚੰਡੀਗੜ੍ਹ ਵਿਚ ਮੀਟਿੰਗ ਕੀਤੀ। ਮੀਟਿੰਗ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਸਬੰਧਤ ਮਸਲਿਆਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵੱਲ ਬਕਾਇਆ ਰਕਮ ਤੇ ਦੇਣਦਾਰੀਆਂ ਬਾਰੇ ਜਾਣੂੰ ਕਰਵਾਇਆ ਗਿਆ।    ਇਸ ਦੌਰਾਨ ਵਿੱਤ ਮੰਤਰੀ ਚੀਮਾ ਨੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨੂੰ ਮੰਗਾਂ ਦਾ ਹੱਲ ਤੁਰੰਤ ਕਰਨ ਦੀ ਤਾਕੀਦ ਕੀਤੀ।

---------------------------------------------------------------------------------------

ਮਰਦਾਂ ਦੇ ਆਈ.ਸੀ.ਸੀ. ਟਵੰਟੀ-ਟਵੰਟੀ ਕ੍ਰਿਕੇਟ ਵਿਸ਼ਵ ਕੱਪ ਵਿੱਚ, ਭਾਰਤ ਅੱਜ ਸ਼ਾਮ ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿੱਚ ਦੂਜੇ ਸੈਮੀਫਾਈਨਲ ਵਿੱਚ ਇੰਗਲੈਂਡ ਖਿਲਾਫ਼ ਮੈਦਾਨ ਵਿਚ ਉਤਰੇਗਾ । ਇਹ ਮੈਚ ਭਾਰਤੀ ਸਮੇਂ ਮੁਤਾਬਕ ਸ਼ਾਮ 7 ਵਜੇ ਸ਼ੁਰੂ ਹੋਵੇਗਾ ।